**ਪੰਜਾਬ ਸਰਕਾਰ**

**ਸਿੱਖਿਆ ਵਿਭਾਗ**

**(ਸਿੱਖਿਆ-7 ਸ਼ਾਖਾ)**

## ਨੋਟੀਫਿਕੇਸ਼ਨ

ਨੰ: 1/62/12-3ਸਿ7/1330634/1 ਮਿਤੀ,ਚੰਡੀਗੜ੍ਹ: 09/10/2018

**ਵਿਸ਼ਾ: ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਤਹਿਤ ਭਰਤੀ ਕੀਤੇ ਅਧਿਆਪਕਾਂ ਦੀਆਂ ਸੇਵਾਵਾਂ ਰੈਗੂਲਰ/ਨਿਯਮਿਤ ਕਰਨ ਸਬੰਧੀ।**

*******

1. ਮੰਤਰੀ ਪ੍ਰੀਸ਼ਦ ਵੱਲੋਂ ਮਿਤੀ: 03/10/2018 ਨੂੰ ਮੱਦ ਨੰ: 4 ਵਿੱਚ ਲਏ ਗਏ ਫੈਸਲੇ ਅਨੁਸਾਰ ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਅਧੀਨ ਕੰਮ ਰਹੇ ਸਾਰੇ ਕਾਡਰਾਂ (ਈ.ਟੀ.ਟੀ., ਮਾਸਟਰ, ਲੈਕਚਰਾਰ, ਹੈੱਡ ਮਾਸਟਰ ਅਤੇ ਪ੍ਰਿੰਸੀਪਲ) ਦੇ ਅਧਿਆਪਕਾਂ ਨੂੰ ਸਿੱਖਿਆ ਵਿਭਾਗ, ਪੰਜਾਬ ਸਰਕਾਰ ਵਿੱਚ ਸ਼ਾਮਿਲ/ਸਮਿਲਿਤ ਕਰਦੇ ਹੋਏ ਵਿਭਾਗ ਵਿੱਚ ਇਨ੍ਹਾਂ ਆਸਾਮੀਆਂ ਦੀ ਰਚਨਾ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਮਿਤੀ: 01.04.2018 ਤੋਂ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਰੈਗੂਲਰ/ਨਿਯਮਿਤ ਕੀਤੀਆਂ ਜਾਂਦੀਆਂ ਹਨ:-

    ੳ) ਇਨ੍ਹਾਂ ਸਾਰੇ ਕਾਡਰਾਂ ਦੇ ਅਧਿਆਪਕਾਂ ਨੂੰ ਮਿਤੀ: 01.04.2018 ਤੋਂ 3 ਸਾਲਾਂ ਲਈ ਆਪਣੇ ਕਾਡਰ ਦੇ ਪੇਅ ਸਕੇਲ ਦੀ ਮੁੱਢਲੀ ਤਨਖਾਹ + ਗ੍ਰੇਡ ਪੇਅ ਮਿਲਣਯੋਗ ਹੋਵੇਗੀ।

    ਅ) ਇਨ੍ਹਾਂ ਦਾ ਪਰਖ ਕਾਲ ਦਾ ਸਮਾਂ 01.04.2018 ਤੋਂ 3 ਸਾਲਾਂ ਦਾ ਹੋਵੇਗਾ।

    ੲ) ਇਨ੍ਹਾਂ ਅਧਿਆਪਕਾਂ ਨੂੰ ਇਸ ਨੋਟੀਫਿਕੇਸ਼ਨ ਦੇ ਜਾਰੀ ਹੋਣ ਦੀ ਮਿਤੀ ਤੋਂ ਇਹ ਆਪਸ਼ਨ ਦਿੱਤੀ ਜਾਵੇਗੀ ਕਿ ਉਹ ਇਸ ਨੋਟੀਫਿਕੇਸ਼ਨ ਅਨੁਸਾਰ ਸਿੱਖਿਆ ਵਿਭਾਗ ਵਿੱਚ ਮਿਤੀ: 01.04.2018 ਤੋਂ ਰੈਗੂਲਰ ਹੋਣਾ ਚਾਹੁੰਦੇ ਹਨ ਜਾਂ ਸੁਸਾਇਟੀਆਂ, ਭਾਵ ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ) ਵਿੱਚ ਹੀ ਰਹਿਣਾ ਚਾਹੁੰਦੇ ਹਨ। ਆਪਸ਼ਨ ਦੇਣ ਦੀ ਸਮਾਂ ਸੀਮਾ ਨੋਟੀਫਿਕੇਸ਼ਨ ਜਾਰੀ ਹੋਣ ਤੋਂ 15 ਦਿਨਾਂ ਤੱਕ ਹੋਵੇਗੀ।

    ਸ) ਜੋ ਅਧਿਆਪਕ ਉਪਰੋਕਤ ਅਨੁਸਾਰ ਨੋਟੀਫਿਕੇਸ਼ਨ ਜਾਰੀ ਹੋਣ ਤੋਂ15 ਦਿਨ ਵਿਚਕਾਰ ਸਿੱਖਿਆ ਵਿਭਾਗ ਵਿੱਚ ਰੈਗੂਲਰ ਹੋਣ ਦੀ ਆਪਸ਼ਨ ਦੇਣਗੇ, ਉਨ੍ਹਾਂ ਦੀ ਸੀਨੀਆਰਤਾ ਰੈਗੂਲਰ ਹੋਣ ਦੀ ਮਿਤੀ: 01.04.2018 ਤੋਂ ਨਿਸ਼ਚਿਤ ਕੀਤੀ ਜਾਵੇਗੀ।ਜੋ ਅਧਿਆਪਕ ਨਿਸ਼ਚਿਤ ਸਮੇਂ ਤੋਂ ਬਾਅਦ ਆਪਸ਼ਨ ਦੇਣਗੇ, ਉਨ੍ਹਾਂ ਦੀ ਸੀਨੀਆਰਤਾ ਆਪਸ਼ਨ ਦੇਣ ਦੀ ਮਿਤੀ ਤੋਂ ਹੀ ਫ਼ਿਕਸ ਕੀਤੀ ਜਾਵੇਗੀ। ਇਨ੍ਹਾਂ ਵਿਚੋਂ ਜੋ ਅਧਿਆਪਕ ਪਹਿਲਾਂ ਦੀ ਤਰ੍ਹਾਂ ਆਪਣੀਆਂ ਸੇਵਾਵਾਂ ਸੁਸਾਇਟੀਆਂ, ਭਾਵ ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਆਦਰਸ਼ ਅਤੇ ਮਾਡਲ ਸਕੂਲਾਂ ਸਮੇਤ)ਵਿੱਚ ਜਾਰੀ ਰੱਖਣੀਆਂ ਚਾਹੁੰਦੇ ਹਨ, ਉਹ ਪਹਿਲਾਂ ਦੀ ਤਰ੍ਹਾਂ ਹੀ ਸੁਸਾਇਟੀਆਂ ਅਧੀਨ ਨਿਯਮਾਂ ਅਨੁਸਾਰ ਕੰਮ ਕਰਦੇ ਰਹਿਣਗੇ।

Scanned by CamScanner

2. ਸਕੂਲ ਸਿੱਖਿਆ ਵਿਭਾਗ ਵੱਲੋਂ ਮੰਤਰੀ ਪ੍ਰੀਸ਼ਦ ਦੇ ਫੈਸਲੇ ਮੁਤਾਬਿਕ ਅਧਿਆਪਕਾਂ ਦੀ ਨਿਯਮਿਤ ਭਰਤੀ ਉਸ ਸਮੇਂ ਤੱਕ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਵਿਭਾਗ ਵੱਲੋਂ ਨਿਯਮਾਂ ਅਨੁਸਾਰ ਆਸਾਮੀਆਂ ਨੂੰ ਤਰਕਸੰਗਤ ਨਹੀਂ ਕਰ ਲਿਆ ਜਾਂਦਾ।

**ਮਿਤੀ, ਚੰਡੀਗੜ੍ਹ:**
**09.10.2018**

**ਕ੍ਰਿਸ਼ਨ ਕੁਮਾਰ**
**ਸਕੱਤਰ, ਸਕੂਲ ਸਿੱਖਿਆ ਵਿਭਾਗ**

ਪਿ.ਅੰ.ਪੱ.ਨੰ: ਨੰ: 1/62/12-3ਸਿ7/ 1330634/2 ਮਿਤੀ, ਚੰਡੀਗੜ੍ਹ:09/10/2018

ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ. ਚੰਡੀਗੜ੍ਹ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਇਹ ਅਧਿਸੂਚਨਾਂ ਨੂੰ ਪੰਜਾਬ ਸਰਕਾਰ ਦੇ ਸਾਧਾਰਣ ਗਜਟ ਵਿੱਚ ਛਪਾਉਣ ਉਪਰੰਤ ਇਸ ਦੀਆਂ 15 ਕਾਪੀਆਂ ਰਿਕਾਰਡ ਵਿੱਤ ਵਿਭਾਗ ਨੂੰ ਭੇਜੀਆਂ ਜਾਣ।

**ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ ਵਿਭਾਗ**

ਪਿ.ਅੰ.ਪੱ.ਨੰ: ਨੰ: 1/62/12-3ਸਿ7/ 1330634/3 ਮਿਤੀ, ਚੰਡੀਗੜ੍ਹ:09/10/2018

ਉਤਾਰਾ ਸੁਪਰਡੰਟ, ਆਮ ਰਾਜ ਪ੍ਰਬੰਧ ਵਿਭਾਗ (ਮੰਤਰੀ ਮੰਡਲ ਮਾਮਲੇ ਸ਼ਾਖਾ) ਨੂੰ ਉਹਨਾਂ ਦੇ ਅੰ.ਵਿ.ਪੱ.ਨੰ: 01/142/2018-ਕੈਬਨਿਟ/5773, ਮਿਤੀ: 05.10.2018 ਦੇ ਹਵਾਲੇ ਵਿੱਚ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

**ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ ਵਿਭਾਗ**

ਪਿ.ਅੰ.ਪੱ.ਨੰ: ਨੰ: 1/62/12-3ਸਿ7/ 1330634/4 ਮਿਤੀ, ਚੰਡੀਗੜ੍ਹ:09/10/2018

ਉਤਾਰਾ ਸੁਪਰਡੰਟ, ਪ੍ਰਸੋਨਲ ਵਿਭਾਗ (ਪੀ.ਪੀ.-3 ਸ਼ਾਖਾ) ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

**ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ ਵਿਭਾਗ**

ਪਿ.ਅੰ.ਪੱ.ਨੰ: ਨੰ: 1/62/12-3ਸਿ7/ 1330634/5 ਮਿਤੀ, ਚੰਡੀਗੜ੍ਹ:09/10/2018

ਉਤਾਰਾ ਡਾਇਰੈਕਟਰ ਜਨਰਲ, ਸਕੂਲ ਸਿੱਖਿਆ, ਪੰਜਾਬ ਫੇਜ਼-8 ਮੁਹਾਲੀ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਵਿਸ਼ੇਸ਼ ਸਕੱਤਰ, ਸਕੂਲ ਸਿੱਖਿਆ ਵਿਭਾਗ**

Scanned by CamScanner